ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਨੂੰ ਸੰਗ ਬਹੁਤ ਚੰਗਾ ਕਰਨਾ ਹੈ, ਬੁਰੇ ਸੰਗ ਦਾ ਰੰਗ ਲੱਗਿਆ ਤਾਂ ਡਿੱਗ ਪਵੋਗੇ, ਕੁਸੰਗ ਬੁੱਧੀ ਨੂੰ ਤੁੱਛ ਬਣਾ ਦਿੰਦਾ ਹੈ"

ਪ੍ਰਸ਼ਨ:- ਹੁਣ ਤੁਸੀਂ ਬੱਚਿਆਂ ਨੂੰ ਕਿਹੜੀ ਉੱਛਲ ਆਉਣੀ ਚਾਹੀਦੀ ਹੈ?

ਉੱਤਰ:- ਤੁਹਾਨੂੰ ਉਛਲ ਆਉਣੀ ਚਾਹੀਦੀ ਹੈ ਪਿੰਡ - ਪਿੰਡ ਵਿੱਚ ਜਾਕੇ ਸਰਵਿਸ ਕਰੋ। ਤੁਹਾਡੇ ਕੋਲ ਜੋ ਕੁਝ ਹੈ, ਉਹ ਸੇਵਾ ਅਰਥ ਹੈ। ਬਾਪ ਬੱਚਿਆਂ ਨੂੰ ਰਾਏ ਦਿੰਦੇ ਹਨ - ਬੱਚੇ, ਇਸ ਪੁਰਾਣੀ ਦੁਨੀਆਂ ਤੋਂ ਆਪਣਾ ਪੱਲਵ ਆਜ਼ਾਦ ਕਰੋ। ਕੋਈ ਚੀਜ਼ ਵਿੱਚ ਮੱਮਤਵ ਨਹੀਂ ਰੱਖੋ, ਇਨ੍ਹਾਂ ਨਾਲ ਦਿਲ ਨਹੀਂ ਲਗਾਓ।

ਗੀਤ:- ਇਸ ਪਾਪ ਦੀ ਦੁਨੀਆਂ ਤੋਂ...

ਓਮ ਸ਼ਾਂਤੀ - ਪਾਪ ਆਤਮਾਵਾਂ ਦੀ ਦੁਨੀਆਂ ਅਤੇ ਪੁੰਨ ਆਤਮਾਵਾਂ ਦੀ ਦੁਨੀਆਂ, ਨਾਮ ਆਤਮਾਵਾਂ ਦਾ ਹੀ ਰੱਖਿਆ ਜਾਂਦਾ ਹੈ। ਹੁਣ ਇੱਥੇ ਦੁੱਖ ਹੈ ਤੱਦ ਪੁਕਾਰਦੇ ਹਨ। ਪੁੰਨ ਆਤਮਾਵਾਂ ਦੀ ਦੁਨੀਆਂ ਵਿੱਚ ਪੁਕਾਰਦੇ ਨਹੀਂ ਕਿ ਕਿੱਥੇ ਲੈ ਚੱਲੋ। ਤੁਸੀਂ ਬੱਚੇ ਸਮਝਦੇ ਹੋ, ਇਹ ਕੋਈ ਪੰਡਿਤ ਜਾਂ ਸੰਨਿਆਸੀ ਸ਼ਾਸ੍ਤਰਵਾਦੀ ਆਦਿ ਨਹੀਂ ਸੁਣਾਉਂਦੇ ਹਨ। ਇਹ ਆਪ ਵੀ ਕਹਿੰਦੇ ਹਨ - ਮੈਂ ਇਹ ਗਿਆਨ ਨਹੀਂ ਜਾਣਦਾ ਸੀ, ਰਾਮਾਇਣ ਆਦਿ ਸ਼ਾਸਤਰ ਤਾਂ ਢੇਰ ਪੜ੍ਹਦੇ ਸੀ। ਬਾਕੀ ਇਹ ਗਿਆਨ ਅਸੀਂ ਤੁਹਾਨੂੰ ਸੁਣਾਉਂਦੇ ਹਾਂ। ਇਹ ਵੀ ਸੁਣਦੇ ਹਨ। ਹੁਣ ਇਹ ਹੈ ਪਾਪ ਆਤਮਾਵਾਂ ਦੀ ਦੁਨੀਆਂ। ਪੁੰਨ ਆਤਮਾਵਾਂ ਦੇ ਲਈ ਸਿਰਫ ਕਹਾਂਗੇ ਕਿ ਇਹ ਹੋਕੇ ਗਏ ਹਨ। ਬਸ, ਪੂਜਾ ਕਰਕੇ ਆ ਜਾਣਗੇ, ਸ਼ਿਵ ਦੀ ਪੂਜਾ ਕਰਕੇ ਆਉਣਗੇ। ਤੁਸੀਂ ਬੱਚੇ ਹੁਣ ਕਿਸਦੀ ਪੂਜਾ ਕਰੋਗੇ? ਤੁਸੀਂ ਜਾਣਦੇ ਹੋ ਉੱਚ ਤੇ ਉੱਚ ਭਗਵਾਨ ਸ਼ਿਵ ਹੈ, ਉਹ ਹੈ ਓਬੀਡੀਐਂਟ ਬਾਪ, ਟੀਚਰ, ਓਬੀਡੀਐਂਟ ਪ੍ਰਿਸੈਪਟਰ। ਨਾਲ ਲੈ ਜਾਣ ਦੀ ਗਾਰੰਟੀ ਹੋਰ ਕੋਈ ਗੁਰੂ ਆਦਿ ਕਰ ਨਾ ਸਕੇ। ਸੋ ਵੀ ਉਹ ਕੋਈ ਸਭ ਨੂੰ ਥੋੜੀ ਲੈ ਜਾਣਗੇ। ਹੁਣ ਤੁਸੀਂ ਸਮੁੱਖ ਬੈਠੇ ਹੋ, ਇੱਥੋਂ ਆਪਣੇ ਘਰ ਵਿੱਚ ਜਾਣ ਨਾਲ ਵੀ ਤੁਸੀਂ ਭੁੱਲ ਜਾਓਗੇ। ਇੱਥੇ ਸਮੁੱਖ ਸੁਣਨ ਦਾ ਮਜ਼ਾ ਆਏਗਾ। ਬਾਪ ਘੜੀ - ਘੜੀ ਕਹਿੰਦੇ ਹਨ - ਬੱਚੇ, ਚੰਗੀ ਰੀਤੀ ਪੜ੍ਹੋ। ਇਸ ਵਿੱਚ ਗਫ਼ਲਤ ਨਾ ਕਰੋ, ਕੁਸੰਗ ਵਿੱਚ ਨਾ ਫੱਸੋ। ਨਹੀਂ ਤਾਂ ਹੋਰ ਹੀ ਤੁੱਛ ਬੁੱਧੀ ਹੋ ਜਾਵੋਗੇ। ਬੱਚੇ ਜਾਣਦੇ ਹਨ ਅਸੀਂ ਕੀ ਸੀ, ਕੀ ਪਾਪ ਕੀਤੇ। ਹੁਣ ਅਸੀਂ ਇਹ ਦੇਵਤਾ ਬਣਦੇ ਹਾਂ, ਇਹ ਪੁਰਾਣੀ ਦੁਨੀਆਂ ਖਤਮ ਹੋਣੀ ਹੈ ਫਿਰ ਇੱਥੇ ਮਕਾਨ ਆਦਿ ਦੀ ਕੀ ਪਰਵਾਹ ਰੱਖਣੀ ਹੈ। ਇਸ ਦੁਨੀਆਂ ਦਾ ਜੋ ਕੁਝ ਹੈ ਉਹ ਭੁੱਲਣਾ ਹੈ। ਨਹੀਂ ਤਾਂ ਰੁਕਾਵਟ ਪਾਉਣਗੇ। ਇਸ ਵਿੱਚ ਦਿਲ ਲੱਗਦਾ ਨਹੀਂ। ਅਸੀਂ ਨਵੀਂ ਦੁਨੀਆਂ ਵਿੱਚ ਆਪਣੇ ਹੀਰੇ - ਜਵਾਹਰਾਤਾਂ ਦੇ ਮਹਿਲ ਜਾਕੇ ਬਣਾਵਾਂਗੇ। ਇੱਥੇ ਦੇ ਪੈਸੇ ਆਦਿ ਕੋਈ ਚੀਜ਼ ਚੰਗੀ ਲਗਦੀ ਹੋਵੇਗੀ ਤਾਂ ਸ਼ਰੀਰ ਛੱਡਦੇ ਸਮੇਂ ਉਸ ਵਿੱਚ ਮੋਹ ਚਲਾ ਜਾਏਗਾ। ਸਾਡਾ - ਸਾਡਾ ਕਰੋਗੇ ਤਾਂ ਉਹ ਪਿਛਾੜੀ ਵਿੱਚ ਸਾਹਮਣੇ ਆ ਜਾਵੇਗਾ। ਇਹ ਤਾਂ ਸਭ ਇੱਥੇ ਖਤਮ ਹੋ ਜਾਣੇ ਹੈ। ਅਸੀਂ ਆਪਣੀ ਰਾਜਧਾਨੀ ਵਿੱਚ ਆ ਜਾਵਾਂਗੇ, ਇਸ ਨਾਲ ਕੀ ਦਿਲ ਲਗਾਣੀ ਹੈ। ਉੱਥੇ ਬਹੁਤ ਸੁੱਖ ਰਹਿੰਦਾ ਹੈ। ਨਾਮ ਹੀ ਹੈ ਸ੍ਵਰਗ। ਹੁਣ ਅਸੀਂ ਚੱਲੇ ਆਪਣੇ ਵਤਨ, ਇਹ ਤਾਂ ਰਾਵਣ ਦਾ ਵਤਨ ਹੈ, ਸਾਡਾ ਨਹੀਂ। ਇਨ੍ਹਾਂ ਤੋਂ ਛੁੱਟਣ ਦਾ ਪੁਰਸ਼ਾਰਥ ਕਰਨਾ ਹੈ। ਪੁਰਾਣੀ ਦੁਨੀਆਂ ਤੋਂ ਪੱਲਵ ਆਜ਼ਾਦ ਕਰਾਉਂਦੇ ਹਨ ਇਸਲਈ ਬਾਪ ਕਹਿੰਦੇ ਹਨ ਕੋਈ ਚੀਜ਼ ਵਿੱਚ ਮਮਤਵ ਨਾ ਰੱਖੋ। ਪੇਟ ਕੋਈ ਜਾਸਤੀ ਨਹੀਂ ਮੰਗਦਾ, ਫਾਲਤੂ ਚੀਜ਼ਾਂ ਤੇ ਖਰਚਾ ਬਹੁਤ ਹੁੰਦਾ ਹੈ। ਤੁਸੀਂ ਬੱਚਿਆਂ ਨੂੰ ਸਰਵਿਸ ਕਰਨ ਦੇ ਲਈ ਉਛਲ ਆਉਣੀ ਚਾਹੀਦੀ ਹੈ। ਕਈ ਬੱਚੇ ਹਨ ਜਿਨ੍ਹਾਂ ਨੂੰ ਪਿੰਡ - ਪਿੰਡ ਵਿੱਚ ਸਰਵਿਸ ਕਰਨ ਦਾ ਸ਼ੌਂਕ ਹੈ। ਬਾਕੀ ਜਿਸ ਨੂੰ ਸਰਵਿਸ ਦਾ ਸ਼ੌਂਕ ਨਹੀਂ, ਉਨ੍ਹਾਂ ਨੂੰ ਕੀ ਕੰਮ ਦੇ ਕਹਾਂਗੇ। ਜਿਵੇਂ ਬਾਪ ਇਵੇਂ ਬੱਚਿਆਂ ਨੂੰ ਬਣਨਾ ਚਾਹੀਦਾ ਹੈ। ਬਾਪ ਦਾ ਹੀ ਪਰਿਚੈ ਦੇਣਾ ਹੈ। ਬਾਪ ਨੂੰ ਯਾਦ ਕਰੋ ਅਤੇ ਬਾਪ ਤੋਂ ਵਰਸਾ ਲਵੋ। ਬੱਚਿਆਂ ਨੂੰ ਸ਼ੌਂਕ ਹੁੰਦਾ ਹੈ - ਅਸੀਂ ਬਾਬਾ ਦੀ ਸਰਵਿਸ ਤੇ ਜਾਂਦੇ ਹਾਂ। ਤਾਂ ਬਾਪ ਵੀ ਹਿੰਮਤ ਵਧਾਉਂਦੇ ਹਨ। ਬਾਪ ਆਏ ਹਨ ਸਰਵਿਸ ਤੇ, ਸਰਵਿਸ ਦੇ ਲਈ ਸਭ ਕੁਝ ਹੈ। ਇਹ ਤਾਂ ਬਾਪ ਦਾ ਪਰਿਚੈ ਸਭ ਨੂੰ ਦੇਣਾ ਹੈ। ਬਾਪ ਇੱਕ ਹੀ ਹੈ। ਭਾਰਤ ਵਿੱਚ ਆਇਆ ਸੀ, ਭਾਰਤ ਵਿੱਚ ਦੇਵਤਾਵਾਂ ਦਾ ਰਾਜ ਸੀ। ਕਲ ਦੀ ਗੱਲ ਹੈ, ਲਕਸ਼ਮੀ - ਨਾਰਾਇਣ ਦਾ ਰਾਜ ਸੀ ਫਿਰ ਰਾਮ - ਸੀਤਾ ਦਾ। ਫਿਰ ਵਾਮ ਮਾਰਗ ਵਿੱਚ ਡਿੱਗੇ। ਰਾਵਣ ਰਾਜ ਸ਼ੁਰੂ ਹੋਇਆ, ਸੀੜੀ ਥੱਲੇ ਉਤਰੇ ਹੁਣ ਫਿਰ ਚੜ੍ਹਦੀ ਕਲਾ ਸੇਕੇਂਡ ਦੀ ਗੱਲ ਹੈ।

ਇੱਕ ਹੁੰਦਾ ਹੈ ਰੀਅਲ ਲਵ, ਦੂਜਾ ਹੁੰਦਾ ਹੈ ਆਰਟੀਫ਼ਿਸ਼ਲ ਲਵ। ਰੀਅਲ ਲਵ ਬਾਪ ਨਾਲ ਤੱਦ ਹੋਵੇ ਜੱਦ ਆਪਣੇ ਨੂੰ ਆਤਮਾ ਸਮਝੇ। ਹੁਣ ਤੁਸੀਂ ਬੱਚਿਆਂ ਦਾ ਇਸ ਦੁਨੀਆਂ ਵਿੱਚ ਅਰਟੀਫ਼ੀਸ਼ਲ ਲਵ ਹੈ। ਇਹ ਤਾਂ ਖਤਮ ਹੋਣੀ ਹੈ। ਸਰਵਿਸ ਕਰਨ ਵਾਲੇ ਕਦੀ ਭੁੱਖ ਨਹੀਂ ਮਰ ਸਕਦੇ। ਤਾਂ ਸਰਵਿਸ ਦਾ ਬੱਚਿਆਂ ਨੂੰ ਸ਼ੌਂਕ ਰੱਖਣਾ ਚਾਹੀਦਾ ਹੈ। ਤੁਹਾਡੀ ਈਸ਼ਵਰੀ ਮਿਸ਼ਨ ਬਹੁਤ ਸਹਿਜ ਹੈ। ਕੋਈ ਸਮਝਦੇ ਨਹੀਂ ਕਿ ਧਰਮ ਕਿਵੇਂ ਸਥਾਪਨ ਹੁੰਦਾ ਹੈ। ਕਰਾਈਸਟ ਆਇਆ, ਕ੍ਰਿਸ਼ਚਨ ਧਰਮ ਸਥਾਪਨ ਕੀਤਾ, ਧਰਮ ਵੱਧਦਾ ਗਿਆ। ਉਸ ਦੀ ਮਤ ਤੇ ਚੱਲਦੇ - ਚੱਲਦੇ ਡਿੱਗਦੇ ਆਏ, ਹੁਣ ਤੁਸੀਂ ਬੱਚਿਆਂ ਨੂੰ ਦੇਹੀ - ਅਭਿਮਾਨੀ ਬਣਨਾ ਹੈ। ਅੱਧਾ ਕਲਪ ਰਾਵਣ ਰਾਜ ਵਿੱਚ ਅਸੀਂ ਬਾਪ ਨੂੰ ਭੁੱਲ ਗਏ, ਹੁਣ ਬਾਪ ਨੇ ਆਕੇ ਸੁਜਾਗ ਕੀਤਾ ਹੈ। ਬਾਬਾ ਕਹਿੰਦੇ ਡਰਾਮਾ ਅਨੁਸਾਰ ਤੁਹਾਨੂੰ ਡਿੱਗਣਾ ਹੀ ਸੀ। ਤੁਹਾਡਾ ਵੀ ਦੋਸ਼ ਨਹੀਂ। ਰਾਵਣ ਰਾਜ ਵਿੱਚ ਦੁਨੀਆਂ ਦੀ ਐਸੀ ਹਾਲਤ ਹੋ ਜਾਂਦੀ ਹੈ। ਬਾਪ ਕਹਿੰਦੇ ਹਨ ਹੁਣ ਮੈ ਆਇਆ ਹਾਂ ਪੜ੍ਹਾਉਣ। ਤੁਸੀਂ ਫਿਰ ਤੋਂ ਆਪਣੀ ਰਾਜਾਈ ਲਵੋ। ਮੈਂ ਹੋਰ ਕੋਈ ਤਕਲੀਫ ਨਹੀਂ ਦਿੰਦਾ ਹਾਂ। ਇੱਕ ਤਾਂ ਬਾਜ਼ਾਰ ਦੀ ਛੀ - ਛੀ ਗੰਦੀ ਚੀਜ਼ਾਂ ਨਾ ਖਾਓ ਅਤੇ ਮਾਮੇਕਮ

ਯਾਦ ਕਰੋ। ਹੁਣ ਤੁਸੀਂ ਬੱਚੇ ਜਾਣਦੇ ਹੋ - ਇਹ ਡਰਾਮਾ ਦਾ ਚੱਕਰ ਹੈ, ਜੋ ਫਿਰ ਰਿਪੀਟ ਹੋਵੇਗਾ। ਤੁਹਾਡੀ ਬੁੱਧੀ ਵਿੱਚ ਡਰਾਮਾ ਦੇ ਆਦਿ, ਮੱਧ, ਅੰਤ ਦਾ ਗਿਆਨ ਹੈ। ਤੁਸੀਂ ਕਿਸੇ ਨੂੰ ਵੀ ਸਮਝਾ ਸਕਦੇ ਹੋ। ਪਹਿਲੇ ਤਾਂ ਬਾਪ ਦੀ ਯਾਦ ਰਹਿਣੀ ਚਾਹੀਦੀ ਹੈ। ਸਰਵਿਸ ਦੇ ਲਈ ਆਪਸ ਵਿੱਚ ਮਿਲਕੇ ਸਾਥੀ ਬਣਾ ਲੈਣਾ ਚਾਹੀਦਾ ਹੈ। ਮਾਤਾਵਾਂ ਨੂੰ ਵੀ ਨਿਕਲਣਾ ਚਾਹੀਦਾ ਹੈ। ਇਸ ਵਿੱਚ ਡਰਨ ਦੀ ਕੋਈ ਗੱਲ ਨਹੀਂ ਹੈ। ਚਿੱਤਰ ਆਦਿ ਸਭ ਤੁਹਾਨੂੰ ਮਿਲਣਗੇ। ਤੁਹਾਡੀ ਸਰਵਿਸ ਜਾਸਤੀ ਹੋਵੇਗੀ। ਕਹਿਣਗੇ ਆਪ ਚਲੇ ਜਾਂਦੇ ਹੋ, ਫਿਰ ਸਾਨੂੰ ਕੌਣ ਸਿਖਾਉਣਗੇ? ਬੋਲੋ, ਅਸੀਂ ਸਰਵਿਸ ਕਰਨ ਦੇ ਲਈ ਤਿਆਰ ਹਾਂ। ਮਕਾਨ ਆਦਿ ਦਾ ਪ੍ਰਬੰਧ ਕਰੋ। ਬਹੁਤਿਆਂ ਦਾ ਕਲਿਆਣ ਅਰਥ ਨਿਮਿਤ ਬਣ ਜਾਵੋਗੇ। ਬਾਬਾ ਸਰਵਿਸ ਦਾ ਉਮੰਗ ਦਿਲਾਉਂਦੇ ਹਨ। ਬੱਚਿਆਂ ਵਿੱਚ ਹਿੰਮਤ ਹੈ, ਤਾਂ ਸਰਵਿਸ ਵੀ ਵੱਧਦੀ ਹੈ। ਇਹ ਕੋਈ ਮੇਲਾ ਨਹੀਂ ਹੈ ਜੋ 10-15 ਦਿਨ ਮੇਲਾ ਚੱਲਿਆ ਫਿਰ ਖਤਮ। ਇਹ ਮੇਲਾ ਤਾਂ ਚੱਲਦਾ ਰਹਿੰਦਾ ਹੈ। ਇੱਥੇ ਆਤਮਾਵਾਂ ਅਤੇ ਪਰਮਾਤਮਾ ਦਾ ਮਿਲਣ ਹੁੰਦਾ ਹੈ, ਜਿਸ ਨੂੰ ਹੀ ਸੱਚਾ ਮੇਲਾ ਕਿਹਾ ਜਾਂਦਾ ਹੈ। ਉਹ ਤਾਂ ਹੁਣ ਚਲ ਹੀ ਰਿਹਾ ਹੈ। ਮੇਲਾ ਬੰਦ ਤੱਦ ਹੋਵੇਗਾ ਜੱਦ ਸਰਵਿਸ ਪੂਰੀ ਹੋਵੇਗੀ। ਡਰਾਮਾ ਅਨੁਸਾਰ ਬੱਚਿਆਂ ਨੂੰ ਸਰਵਿਸ ਦਾ ਬਹੁਤ ਸ਼ੌਂਕ ਚਾਹੀਦਾ ਹੈ। ਜੋ ਬੇਹੱਦ ਦੇ ਬਾਪ ਵਿੱਚ ਨਾਲੇਜ ਹੈ, ਉਹ ਬੱਚਿਆਂ ਦੀ ਬੁੱਧੀ ਵਿੱਚ ਹੈ। ਉੱਚ ਤੇ ਉੱਚ ਬਾਪ ਤੋਂ ਅਸੀਂ ਕਿੰਨਾ ਉੱਚ ਬਣਦੇ ਆਏ ਹਾਂ। ਇਵੇਂ - ਇਵੇਂ ਆਪਣੇ ਨਾਲ ਗੱਲਾਂ ਕਰਨੀਆਂ ਹਨ। ਆਪਸ ਵਿੱਚ ਸੈਮੀਨਾਰ ਕਰਨਾ ਹੈ। ਬਾਬਾ ਤੋਂ ਰਾਏ ਕਰ ਸਰਵਿਸ ਵਿੱਚ ਲੱਗ ਜਾਓ। ਕੋਈ ਮਦਦ ਦੀ ਦਰਕਾਰ ਹੋਵੇ ਤਾਂ ਬਾਬਾ ਦੂਲਹੇਲਾਲ ਬੈਠਾ ਹੈ। ਇਹ ਸਭ ਡਰਾਮਾ ਵਿੱਚ ਨੂੰਧ ਹੈ। ਫਿਕਰ ਦੀ ਕੋਈ ਗੱਲ ਨਹੀਂ। ਨਹੀਂ ਤਾਂ ਸਥਾਪਨਾ ਕਿਵੇਂ ਹੋਵੇਗੀ। ਦੂਜੀ ਗੱਲ ਇਹ ਵੀ ਹੈ, ਜੋ ਕਰੇਗਾ ਉਹ ਪਾਏਗਾ। ਹੁਣ ਤੁਸੀਂ ਬੱਚੇ ਪੱਥਰਬੁੱਧੀ ਤੋਂ ਹੀਰੇ ਵਰਗਾ ਬਣਦੇ ਹੋ। ਬਾਪ ਗਿਆਨ ਨਾਲ ਇੰਨਾ ਸਿੱਧਾ ਕਰਦੇ ਹਨ, ਮਾਇਆ ਫਿਰ ਨੱਕ ਫੜ੍ਹ ਕੇ ਪਿੱਠ ਦਵਾ ਦਿੰਦੀ ਹੈ।

ਤੁਸੀਂ ਬੱਚਿਆਂ ਨੂੰ ਸੰਗ ਬੜਾ ਚੰਗਾ ਕਰਨਾ ਚਾਹੀਦਾ ਹੈ। ਬੁਰੇ ਸੰਗ ਦਾ ਰੰਗ ਲੱਗਣ ਨਾਲ ਡਿੱਗ ਪੈਂਦੇ ਹਨ। ਬਾਬਾ ਬਾਈਸਕੋਪ (ਸਿਨੇਮਾ) ਆਦਿ ਵੇਖਣ ਦੀ ਮਨਾ ਕਰਦੇ ਹਨ। ਜਿਸ ਨੂੰ ਬਾਈਸਕੋਪ ਦੀ ਆਦਤ ਪੈ ਜਾਂਦੀ ਹੈ ਪਤਿਤ ਬਣੇ ਬਗੈਰ ਰਹਿ ਨਹੀਂ ਸੱਕਣਗੇ। ਇੱਥੇ ਹਰ ਇੱਕ ਦੀ ਐਕਟੀਵਿਟੀ ਡਰਟੀ ਹੈ, ਨਾਮ ਹੀ ਹੈ ਵੈਸ਼ਾਲਿਆ। ਬਾਪ ਸ਼ਿਵਾਲਿਆ ਸਥਾਪਨ ਕਰ ਰਹੇ ਹਨ। ਵੈਸ਼ਾਲਿਆ ਨੂੰ ਪੂਰੀ ਅੱਗ ਲੱਗਣੀ ਹੈ। ਕੁੰਭਕਰਨ ਦੀ ਤਰ੍ਹਾਂ ਆਸੁਰੀ ਨੀਂਦ ਵਿੱਚ ਸੁੱਤੇ ਪਏ ਹਨ। ਤੁਸੀਂ ਸਮਝਦੇ ਹੋ ਕਿ ਅਸੀਂ ਸ਼ਿਵਾਲੇ ਵਿੱਚ ਜਾ ਰਹੇ ਹਾਂ। ਪਹਿਲੇ ਅਸੀਂ ਵੀ ਬੰਦਰ ਸਦ੍ਰਿਸ਼ ਸੀ, ਇਸ ਤੇ ਰਾਮਾਇਣ ਵਿੱਚ ਵੀ ਕਹਾਣੀ ਹੈ। ਹੁਣ ਤੁਸੀਂ ਬਾਪ ਦੇ ਮਦਦਗਾਰ ਬਣੇ ਹੋ। ਤੁਸੀਂ ਆਪਣੀ ਸ਼ਕਤੀ ਨਾਲ ਰਾਜ ਸਥਾਪਨ ਕਰ ਰਹੇ ਹੋ। ਫਿਰ ਇਹ ਰਾਵਣ ਰਾਜ ਖਤਮ ਹੋ ਜਾਣਾ ਹੈ। ਤੁਸੀਂ ਬੱਚਿਆਂ ਨੂੰ ਕਈ ਪ੍ਰਕਾਰ ਦੀਆਂ ਯੁਕਤੀਆਂ ਦੱਸਦੇ ਰਹਿੰਦੇ ਹਨ। ਕਿਸ ਨੂੰ ਦਾਨ ਨਹੀਂ ਕਰਣਗੇ ਤਾਂ ਫਲ ਵੀ ਕਿਵੇਂ ਮਿਲੇਗਾ। ਪਹਿਲੇ - ਪਹਿਲੇ 10-15 ਨੂੰ ਰਸਤਾ ਦੱਸ ਕੇ ਫਿਰ ਬਾਦ ਵਿੱਚ ਭੋਜਨ ਖਾਣਾ ਚਾਹੀਦਾ ਹੈ। ਪਹਿਲੇ ਸ਼ੁਭ ਕੰਮ ਕਰਕੇ ਆਓ, ਇਸ ਵਿੱਚ ਹੀ ਤੁਹਾਡਾ ਕਲਿਆਣ ਹੈ। ਕੋਈ ਵੀ ਦੇਹਧਾਰੀ ਨੂੰ ਯਾਦ ਨਹੀਂ ਕਰੋ। ਇਹ ਤਾਂ ਪਤਿਤ ਦੁਨੀਆਂ ਹੈ।।ਪਤਿਤ ਪਾਵਨ ਇੱਕ ਬਾਪ ਨੂੰ ਯਾਦ ਕਰੋ ਤਾਂ ਪਾਵਨ ਦੁਨੀਆਂ ਦੇ ਮਾਲਿਕ ਬਣ ਜਾਓਗੇ। ਅੰਤ ਮਤਿ ਸੋ ਗਤੀ ਹੋ ਜਾਏਗੀ। ਤਾਂ ਕਿਸੇ ਨਾ ਕਿਸੇ ਨੂੰ ਸੰਦੇਸ਼ ਸੁਣਾ ਕੇ ਫਿਰ ਆਕੇ ਭੋਜਨ ਖਾਣਾ ਚਾਹੀਦਾ ਹੈ। ਤੁਸੀਂ ਸਭ ਨੂੰ ਇਹ ਹੀ ਦੱਸਦੇ ਰਹੋ ਕਿ ਬਾਪ ਨੂੰ ਯਾਦ ਕਰਨ ਨਾਲ ਇੰਨਾ ਉੱਚ ਬਣ ਜਾਵੋਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਰਾਤ੍ਰਿ ਕਲਾਸ - **17-3-68**

ਕਦੀ ਵੀ ਕੋਈ ਭਾਸ਼ਣ ਆਦਿ ਕਰਨਾ ਹੋਵੇ ਆਪਸ ਵਿੱਚ ਮਿਲਕੇ ਦੋ ਚਾਰ ਵਾਰੀ ਰਿਹਰਸਲ ਕਰੋ, ਪੁਆਇੰਟਸ ਐਡੀਸ਼ਨ ਕਰੈਕਸ਼ਨ ਕਰ ਤਿਆਰ ਕਰੋ ਤਾਂ ਫਿਰ ਰਿਫਾਇਨ ਭਾਸ਼ਣ ਕਰੋਗੇ। ਮੂਲ ਇੱਕ ਗੱਲ ਤੇ (ਗੀਤਾ ਤੇ ਰੱਬ ਤੇ) ਹੀ ਤੁਹਾਨੂੰ ਵਿਜੈ ਪਾਈ ਤਾਂ ਫਿਰ ਸਾਰੀਆਂ ਗੱਲਾਂ ਵਿੱਚ ਵਿਜੇ ਹੋ ਜਾਏਗੀ, ਇਸ ਦੇ ਲਈ ਕਾਨ੍ਫ੍ਰੇਂਸ ਤਾਂ ਹੋਵੇਗੀ ਨਾ! ਸਮਝਦੇ ਰਹਿਣਗੇ ਝਾੜ ਦੀ ਵ੍ਰਿਧੀ ਤਾਂ ਜਰੂਰ ਹੋਣੀ ਹੈ। ਮਾਇਆ ਦੇ ਤੂਫ਼ਾਨ ਤਾਂ ਸਾਰਿਆਂ ਨੂੰ ਲੱਗਦੇ ਹਨ। ਅਕਸਰ ਕਰਕੇ ਲਿਖਦੇ ਹਨ ਬਾਬਾ ਅਸੀਂ ਕਾਮ ਦੀ ਚਮਾਟ ਖਾਧੀ, ਇਸ ਨੂੰ ਕਿਹਾ ਜਾਂਦਾ ਹੈ ਕਿ ਕਮਾਈ ਚਟ। ਕ੍ਰੋਧ ਆਦਿ ਕੀਤਾ ਤਾਂ ਕਹਿਣਗੇ ਕੁਝ ਘਾਟਾ ਪਿਆ। ਇਸ ਦੇ ਲਈ ਸਮਝਾਉਣਾ ਪੈਂਦਾ ਹੈ, ਕਾਮ ਤੇ ਜਿੱਤ ਪਹਿਣ ਜਗਤ ਜੀਤ ਬਣਦੇ ਹਨ। ਕਾਮ ਤੋਂ ਹਾਰੇ ਹਾਰ ਹੁੰਦੀ ਹੈ। ਕਾਮ ਤੋਂ ਹਾਰਨ ਵਾਲੇ ਦੀ ਕਮਾਈ ਚੱਟ ਹੋ ਜਾਂਦੀ ਹੈ, ਦੰਡ ਪੈ ਜਾਂਦਾ ਹੈ। ਮੰਜ਼ਿਲ ਬਹੁਤ ਵੱਡੀ ਹੈ ਇਸਲਈ ਬਹੁਤ ਖਬਰਦਾਰੀ ਰੱਖਣੀ ਪੈਂਦੀ ਹੈ। ਤੁਸੀਂ ਬੱਚੇ ਜਾਣਦੇ ਹੋ 5000 ਵਰ੍ਹੇ ਪਹਿਲੇ ਵੀ ਸਾਨੂੰ ਬਾਦਸ਼ਾਹੀ ਮਿਲੀ ਸੀ। ਹੁਣ ਫਿਰ ਤੋਂ ਦੈਵੀ ਰਾਜਧਾਨੀ ਸਥਾਪਨ ਹੋ ਰਹੀ ਹੈ। ਇਸ ਪੜ੍ਹਾਈ ਨਾਲ ਅਸੀਂ ਉਸ ਰਾਜਧਾਨੀ ਵਿੱਚ ਜਾਂਦੇ ਹਾਂ, ਸਾਰਾ ਮਦਾਰ ਹੈ ਪੜ੍ਹਾਈ ਤੇ। ਪੜ੍ਹਾਈ ਅਤੇ ਧਾਰਨਾ ਨਾਲ ਹੀ ਬਾਪ ਸਮਾਨ ਬਣੋਗੇ। ਰਜਿਸਟਰ ਵੀ ਚਾਹੀਦਾ ਹੈ ਨਾ ਜੋ ਪਤਾ ਚੱਲੇ ਕਿੰਨਿਆਂ ਨੂੰ ਆਪ ਵਰਗਾ ਬਣਾਇਆ। ਜਿਨਾਂ ਜ਼ਿਆਦਾ ਧਾਰਨਾ ਕਰੋਗੇ ਉਨਾਂ ਹੀ ਮਿੱਠਾ ਬਣੋਗੇ। ਬਹੁਤ ਲਵਲੀ ਬੱਚੇ ਚਾਹੀਦੇ ਹਨ। ਤੁਸੀਂ ਬੱਚਿਆਂ ਦੇ ਲਈ ਹੀ ਉਹ ਦਿਨ ਆਇਆ ਅੱਜ, ਜਿਸਦੇ ਲਈ ਮਨੁੱਖ ਬਹੁਤ ਕੋਸ਼ਿਸ਼ ਕਰਦੇ ਹਨ ਕਿ ਮੁਕਤੀ ਵਿੱਚ ਜਾਈਏ। ਬਾਪ ਸਾਰਿਆਂ ਨੂੰ ਇਕੱਠਾ ਹੀ ਮੁਕਤੀ ਜੀਵਨਮੁਕਤੀ ਦਿੰਦੇ ਹਨ। ਜੋ ਦੇਵਤਾ ਬਣਨ ਦਾ ਪੁਰਸ਼ਾਰਥ ਕਰਦੇ ਹਨ ਉਹ ਹੀ ਜੀਵਨਮੁਕਤੀ ਵਿਚ ਆਉਣਗੇ। ਬਾਕੀ ਸਭ ਮੁਕਤੀ ਵਿੱਚ ਜਾਣਗੇ। ਹਿਸਾਬ ਐਕੂਰੇਟ ਨਹੀਂ ਨਿਕਾਲ ਸਕਦੇ। ਕੋਈ ਤਾਂ ਰਹਿਣਗੇ ਵੀ। ਵਿਨਾਸ਼ ਦਾ ਸਾਕ੍ਸ਼ਾਤ੍ਕਰ ਕਰਨਗੇ। ਇਹ ਸੁਹਾਵਨਾ ਸਮੇਂ ਵੀ ਵੇਖਣਗੇ। ਹਰ ਗੱਲ ਵਿੱਚ ਪੁਰਸ਼ਾਰਥ ਕਰਨਾ ਹੁੰਦਾ ਹੈ। ਇਵੇਂ ਵੀ ਨਹੀਂ

ਯਾਦ ਵਿੱਚ ਬੈਠਣਗੇ ਤਾਂ ਕੰਮ ਹੋ ਜਾਏਗਾ। ਮਕਾਨ ਮਿਲ ਜਾਏਗਾ। ਨਹੀਂ। ਉਹ ਤਾਂ ਡਰਾਮਾ ਵਿੱਚ ਜੋ ਹੈ ਉਹ ਹੀ ਹੁੰਦਾ ਹੈ, ਆਸ ਨਹੀਂ ਰੱਖਣੀ ਚਾਹੀਦੀ ਹੈ। ਪੁਰਸ਼ਾਰਥ ਕਰਨਾ ਹੁੰਦਾ ਹੈ। ਬਾਕੀ ਹੁੰਦਾ ਤਾਂ ਉਹ ਹੀ ਹੈ ਜੋ ਡਰਾਮਾ ਵਿੱਚ ਨੂੰਧ ਹੈ। ਅੱਗੇ ਚਲ ਤੁਹਾਡੀ ਵ੍ਰਿਤੀ ਵੀ ਭਰਾ ਭਰਾ ਦੀ ਹੋ ਜਾਏਗੀ। ਜਿੰਨਾ ਪੁਰਸ਼ਾਰਥ ਕਰੋਗੇ ਉਨ੍ਹਾਂ ਉਹ ਵ੍ਰਿਤੀ ਰਹੇਗੀ। ਅਸੀਂ ਅਸ਼ਰੀਰੀ ਆਏ ਸੀ। 84 ਜਨਮ ਦਾ ਚੱਕਰ ਪੂਰਾ ਕੀਤਾ। ਹੁਣ ਬਾਪ ਕਹਿੰਦੇ ਹਨ ਕਰਮਾਤੀਤ ਅਵਸਥਾ ਵਿੱਚ ਜਾਣਾ ਹੈ।

ਤੁਹਾਨੂੰ ਅਸੁਲ ਵਿੱਚ ਕਿਸੇ ਨਾਲ ਵੀ ਸ਼ਾਸਤਰਾਂ ਆਦਿ ਤੇ ਵਿਵਾਦ ਕਰਨ ਦੀ ਦਰਕਾਰ ਨਹੀਂ ਹੈ। ਮੂਲ ਗੱਲ ਹੈ ਹੀ ਯਾਦ ਦੀ ਅਤੇ ਸ੍ਰਿਸ਼ਟੀ ਦੇ ਆਦਿ ਮੱਧ ਅੰਤ ਨੂੰ ਸਮਝਣਾ ਹੈ। ਚੱਕਰਵਰਤੀ ਰਾਜਾ ਬਣਨਾ ਹੈ। ਇਸ ਚੱਕਰ ਨੂੰ ਹੀ ਸਿਰਫ ਸਮਝਣਾ ਹੈ। ਇਸਦਾ ਹੀ ਗਾਇਨ ਹੈ ਸੈਕਿੰਡ ਵਿੱਚ ਜੀਵਨਮੁਕਤੀ। ਤੁਸੀਂ ਬੱਚਿਆਂ ਨੂੰ ਵੰਡਰ ਲੱਗਦਾ ਹੋਵੇਗਾ, ਅੱਧਾ ਕਲਪ ਭਗਤੀ ਚੱਲਦੀ ਹੈ। ਗਿਆਨ ਰਿੰਚਕ ਨਹੀਂ। ਗਿਆਨ ਹੈ ਹੀ ਬਾਪ ਦੇ ਕੋਲ। ਬਾਪ ਦੁਆਰਾ ਹੀ ਜਾਨਣਾ ਹੈ। ਇਹ ਬਾਪ ਕਿੰਨਾ ਅਣਕਾਮਨ ਹੈ, ਇਸਲਈ ਕੋਟਾਂ ਵਿੱਚ ਕੋਈ ਨਿਕਲਦੇ ਹਨ। ਉਹ ਟੀਚਰਸ ਇਵੇਂ ਥੋੜੀ ਕਹਿਣਗੇ। ਇਹ ਤਾਂ ਕਹਿੰਦੇ ਹਨ ਮੈ ਹੀ ਬਾਪ, ਟੀਚਰ, ਗੁਰੂ ਹਾਂ। ਤਾਂ ਮਨੁੱਖ ਸੁਣ ਕੇ ਵੰਡਰ ਖਾਣਗੇ। ਭਾਰਤ ਨੂੰ ਮਦਰਕੰਟਰੀ ਕਹਿੰਦੇ ਹਨ ਕਿਉਂਕਿ ਅੰਬਾ ਦਾ ਨਾਮ ਬਹੁਤ ਬਾਲਾ ਹੈ। ਅੰਬਾ ਦੇ ਮੇਲੇ ਵੀ ਬਹੁਤ ਲੱਗਦੇ ਹਨ। ਅੰਬਾ ਮਿੱਠਾ ਅੱਖਰ ਹੈ। ਛੋਟੇ ਬੱਚੇ ਵੀ ਮਾਂ ਨੂੰ ਪਿਆਰ ਕਰਦੇ ਹਨ ਨਾ ਕਿਉਂਕਿ ਮਾਂ ਖਿਲਾਉਂਦੀ ਪਿਲਾਉਂਦੀ ਸੰਭਾਲਦੀ ਹੈ। ਹੁਣ ਅੰਬਾ ਦਾ ਬਾਬਾ ਵੀ ਚਾਹੀਦਾ ਹੈ ਨਾ। ਇਹ ਤਾਂ ਬੱਚੀ ਹੈ ਅਡਾਪਟਿਡ, ਇਨ੍ਹਾਂ ਦਾ ਪਤੀ ਤਾਂ ਹੈ ਨਹੀਂ। ਇਹ ਨਵੀਂ ਗੱਲ ਹੈ ਨਾ। ਪ੍ਰਜਾਪਿਤਾ ਬ੍ਰਹਮਾ ਜਰੂਰ ਅਡਾਪਟ ਕਰਦੇ ਹੋਣਗੇ। ਇਹ ਸਾਰੀਆਂ ਗੱਲਾਂ ਬਾਪ ਹੀ ਆਕੇ ਤੁਹਾਨੂੰ ਬੱਚਿਆਂ ਨੂੰ ਸਮਝਾਉਂਦੇ ਹਨ। ਕਿੰਨਾ ਮੇਲਾ ਲੱਗਦਾ ਹੈ ਪੂਜਾ ਹੁੰਦੀ ਹੈ, ਕਿਉਂਕਿ ਤੁਸੀਂ ਬੱਚੇ ਸਰਵਿਸ ਕਰਦੇ ਹੋ। ਮਮਾ ਨੇ ਜਿੰਨਿਆਂ ਨੂੰ ਪੜ੍ਹਾਇਆ ਹੋਵੇਗਾ ਉਨ੍ਹਾਂ ਹੋਰ ਕੋਈ ਪੜ੍ਹਾ ਨਾ ਸਕੇ। ਮਮਾ ਦਾ ਨਾਮਾਚਾਰ ਬਹੁਤ ਹੈ, ਮੇਲਾ ਵੀ ਬਹੁਤ ਲੱਗਦਾ ਹੈ। ਹੁਣ ਤੁਸੀਂ ਬੱਚੇ ਜਾਣਦੇ ਹੋ, ਬਾਪ ਨੇ ਹੀ ਆਕੇ ਰਚਨਾ ਦੇ ਆਦਿ - ਮੱਧ - ਅੰਤ ਦਾ ਸਾਰਾ ਰਾਜ਼ ਤੁਸੀਂ ਬੱਚਿਆਂ ਨੂੰ ਸਮਝਾਇਆ ਹੈ। ਤੁਹਾਨੂੰ ਬਾਪ ਦੇ ਘਰ ਦਾ ਵੀ ਪਤਾ ਪੈਂਦਾ ਹੈ। ਬਾਪ ਨਾਲ ਹੀ ਲਵ ਹੈ, ਘਰ ਨਾਲ ਵੀ ਲਵ ਹੈ, ਇਹ ਗਿਆਨ ਤੁਹਾਨੂੰ ਹੁਣ ਹੀ ਮਿਲਦਾ ਹੈ। ਇਸ ਪੜ੍ਹਾਈ ਨਾਲ ਕਿੰਨੀ ਕਮਾਈ ਹੁੰਦੀ ਹੈ। ਤਾਂ ਖੁਸ਼ੀ ਹੋਣੀ ਚਾਹੀਦੀ ਹੈ ਨਾ ਅਤੇ ਤੁਸੀਂ ਹੋ ਬਿਲਕੁਲ ਸਧਾਰਨ। ਦੁਨੀਆਂ ਨੂੰ ਪਤਾ ਨਹੀਂ ਹੈ, ਬਾਪ ਆਕੇ ਇਹ ਨਾਲੇਜ ਸੁਣਾਉਂਦੇ ਹਨ। ਬਾਪ ਹੀ ਆਕੇ ਸਾਰੀਆਂ ਨਵੀਂ - ਨਵੀਂ ਗੱਲਾਂ ਬੱਚਿਆਂ ਨੂੰ ਸੁਣਾਉਂਦੇ ਹਨ। ਨਵੀਂ ਦੁਨੀਆਂ ਬਣਦੀ ਹੈ ਬੇਹੱਦ ਦੀ ਪੜ੍ਹਾਈ ਨਾਲ। ਪੁਰਾਣੀ ਦੁਨੀਆਂ ਤੋਂ ਵੈਰਾਗ ਆ ਜਾਂਦਾ ਹੈ। ਤੁਸੀਂ ਬੱਚਿਆਂ ਦੇ ਅੰਦਰ ਵਿੱਚ ਗਿਆਨ ਦੀ ਖੁਸ਼ੀ ਰਹਿੰਦੀ ਹੈ। ਬਾਪ ਨੂੰ ਅਤੇ ਘਰ ਨੂੰ ਯਾਦ ਕਰਨਾ ਹੈ। ਘਰ ਤਾਂ ਸਾਰਿਆਂ ਨੇ ਜਾਣਾ ਹੀ ਹੈ। ਬਾਪ ਤਾਂ ਸਾਰਿਆਂ ਨੂੰ ਕਹਿਣਗੇ ਨਾ ਬੱਚਿਓ ਮੈਂ ਤੁਹਾਨੂੰ ਮੁਕਤੀ ਜੀਵਨਮੁਕਤੀ ਦਾ ਵਰਸਾ ਦੇਣ ਆਇਆ ਹਾਂ। ਫਿਰ ਭੁੱਲ ਕਿਉਂ ਜਾਂਦੇ ਹੋ! ਮੈ ਤੁਹਾਡਾ ਬੇਹੱਦ ਦਾ ਬਾਪ ਹਾਂ, ਰਾਜਯੋਗ ਸਿਖਾਉਣ ਆਇਆ ਹਾਂ। ਤਾਂ ਕੀ ਤੁਸੀਂ ਸ਼੍ਰੀਮਤ ਤੇ ਨਹੀਂ ਚੱਲੋਗੇ। ਫਿਰ ਤਾਂ ਬਹੁਤ ਘਾਟਾ ਪੈ ਜਾਏਗਾ। ਇਹ ਹੈ ਬੇਹੱਦ ਦਾ ਘਾਟਾ। ਬਾਪ ਦਾ ਹੱਥ ਛੱਡਿਆ ਤਾਂ ਕਮਾਈ ਵਿੱਚ ਘਾਟਾ ਪੈ ਜਾਏਗਾ। ਅੱਛਾ - ਗੁਡਨਾਈਟ। ਓਮ ਸ਼ਾਂਤੀ।

ਧਾਰਨਾ ਲਈ ਮੁੱਖ ਸਾਰ:-

1. ਇਸ ਦੁਨੀਆਂ ਦਾ ਜੋ ਕੁਝ ਹੈ ਉਸ ਨੂੰ ਭੁੱਲਣਾ ਹੈ। ਬਾਪ ਸਮਾਨ ਓਬੀਡੀਐਂਟ ਬਣ ਸਰਵਿਸ ਕਰਨੀ ਹੈ। ਸਭ ਨੂੰ ਬਾਪ ਦਾ ਪਰਿਚੈ ਦੇਣਾ ਹੈ।

2. ਇਸ ਪਤਿਤ ਦੁਨੀਆਂ ਵਿੱਚ ਆਪਣੇ ਆਪਨੂੰ ਕੁਸੰਗ ਤੋਂ ਬਚਾਉਣਾ ਹੈ। ਬਾਜ਼ਾਰ ਦਾ ਗੰਦਾ ਭੋਜਨ ਨਹੀਂ ਖਾਣਾ ਹੈ, ਬਾਈਸਕੋਪ ਨਹੀਂ ਵੇਖਣਾ ਹੈ।

ਵਰਦਾਨ:- ਤ੍ਰਿਕਾਲਦ੍ਰਸ਼ੀ ਸਟੇਜ ਦ੍ਵਾਰਾ ਵਿਅਰਥ ਦਾ ਖਾਤਾ ਸਮਾਪਤ ਕਰਨ ਵਾਲੇ ਸਦਾ ਸਫਲਤਾਮੂਰਤ ਭਵ।

ਤ੍ਰਿਕਲਦ੍ਰਸ਼ੀ ਸਟੇਜ ਤੇ ਸਥਿਤ ਹੋਣਾ ਮਤਲਬ ਹਰ ਸੰਕਲਪ, ਬੋਲ ਜਾਂ ਕਰਮ ਕਰਨ ਦੇ ਪਹਿਲੇ ਚੈਕ ਕਰਨਾ ਕਿ ਇਹ ਵਿਅਰਥ ਹੈ ਜਾਂ ਸਮਰੱਥ ਹੈ। ਵਿਅਰਥ ਇੱਕ ਸੈਕਿੰਡ ਦੇ ਪਦਮਾਂ ਦਾ ਨੁਕਸਾਨ ਕਰਦਾ ਹੈ, ਸਮਰੱਥ ਇੱਕ ਸੈਕਿੰਡ ਵਿਚ ਪਦਮਾਂ ਦੀ ਕਮਾਈ ਕਰਾਉਂਦਾ ਹੈ। ਸੈਕਿੰਡ ਦਾ ਵਿਅਰਥ ਵੀ ਕਮਾਈ ਵਿਚ ਬਹੁਤ ਘਾਟਾ ਪਾ ਦਿੰਦਾ ਹੈ ਜਿਸ ਨਾਲ ਕੀਤੀ ਹੋਈ ਕਮਾਈ ਵੀ ਛਿਪ ਜਾਂਦੀ ਹੈ। ਇਸਲਈ ਇਕ ਕਾਲ ਦਰਸ਼ੀ ਹੋ ਕਰਮ ਕਰਨ ਦੀ ਬਜਾਏ ਤ੍ਰਿਕਲਦਰਸ਼ੀ ਸਥਿਤੀ ਤੇ ਸਥਿਤ ਹੋਕੇ ਕਰੋ ਤਾਂ ਵਿਅਰਥ ਸਮਾਪਤ ਹੋ ਜਾਵੇਗਾ ਅਤੇ ਸਦਾ ਸਫਲਤਾਮੂਰਤ ਬਣ ਜਾਵੋਗੇ।

ਸਲੋਗਨ:- ਮਾਨ, ਸ਼ਾਣ ਅਤੇ ਸਾਧਨਾਂ ਦਾ ਤਿਆਗ ਹੀ ਮਹਾਨ ਤਿਆਗ ਹੈ।

******

ਅਵਿਅਕਤ ਇਸ਼ਾਰੇ:- ਰੂਹਾਨੀ ਰੋਅਲਟੀ ਅਤੇ ਪਿਓਰਟੀ ਦੀ ਪ੍ਰਸਨੇਲਟੀ ਧਾਰਨ ਕਰੋ

ਜਿਵੇਂ ਦੇ ਅਤੇ ਦੇਹੀ ਦੋਵੇਂ ਵੱਖ -, ਵੱਖ ਦੋ ਚੀਜਾਂ ਹਨ, ਲੇਕਿਨ ਅਗਿਆਨ ਦੇ ਕਾਰਨ ਦੋਵਾਂ ਨੂੰ ਮਿਲਾ ਦਿੱਤਾ ਹੈ; ਮੇਰੇ ਨੂੰ ਮੈਂ ਸਮਝ ਲਿਆ

ਹੈ ਅਤੇ ਇਸੇ ਗਲਤੀ ਦੇ ਕਾਰਨ ਇੰਨੀ ਪ੍ਰੇਸ਼ਾਨੀ, ਦੁੱਖ ਅਤੇ ਅਸ਼ਾਂਤੀ ਪ੍ਰਾਪਤ ਕੀਤੀ ਹੈ। ਇਵੇਂ ਹੀ ਇਹ ਅਪਵਿੱਤਰਤਾ ਅਤੇ ਵਿਸਮ੍ਰਿਤੀ ਦੇ ਸੰਸਕਾਰ, ਜੋ ਬ੍ਰਾਹਮਣਪਨ ਦੇ ਨਹੀਂ, ਸ਼ੂਦ੍ਰਪਨ ਦੇ ਹਨ, ਇਹਨਾਂ ਨੂੰ ਵੀ ਮੇਰਾ ਸਮਝਣ ਨਾਲ ਮਾਇਆ ਦੇ ਵਸ਼ ਹੋ ਜਾਂਦੇ ਹੋ ਫਿਰ ਪ੍ਰੇਸ਼ਾਨ ਹੁੰਦੇ ਹੋ।